# ਮਰੀਜ਼ਾਂ ਨੂੰ ਦੇਣ ਵਾਲਾ ਪੱਤਰ

# ਕੋਵਿਡ-19 ਮਹਾਮਾਰੀ ਸਮੇਂ ਬੀ ਸੀ ਫੈਰੀਆਂ ਤੇ ਸਫਰ ਕਰਨ ਵਾਲੇ ਗੁਰਦੇ ਦੇ ਮਰੀਜ਼ਾਂ ਲਈ

### ਅਪਰੈਲ 14, 2020 ਤੋਂ ਲਾਗੂ

ਕਈ ਗੁਰਦੇ ਦੇ ਮਰੀਜ਼ ਬੀ ਸੀ ਦੇ ਤਟੀ ਇਲਾਕਿਆਂ ਤੇ ਨੇੜੇ ਤੇੜੇ ਰਹਿੰਦੇ ਹਨ ਅਤੇ ਕਈ ਵਾਰ ਇਲਾਜ ਲਈ ਉਹਨਾਂ ਨੂੰ ਬੀ ਸੀ ਫੈਰੀਆਂ ਤੇ ਸਫਰ ਕਰਨਾ ਪੈਂਦਾ ਹੈ।ਟਰਾਂਸਪੋਰਟ ਕੈਨੇਡਾ ਦੇ ਸੁਰੱਖਿਆ ਬੁਲੇਟਿਨ (ਐਸ ਐਸ ਬੀ ਨੰ: 10/2020) ਅਨੁਸਾਰ ਕੋਵਿਡ-19 ਦੇ ਲੱਛਣਾਂ ਵਾਲੇ ਜਾਂ ਕੋਵਿਡ-19 ਇਨਫੈਕਸ਼ਨ ਵਾਲੇ ਵਿਅਕਤੀਆਂ ਨੂੰ ਸਫਰ ਨੂੰ ਸੀਮਿਤ ਕਰਨ ਜਾਂ ਬਿਲਕੁਲ ਮਨਾ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ।ਅਸੀਂ ਬੀ ਸੀ ਫੈਰੀਜ਼ ਨਾਲ ਗੁਰਦੇ ਜਾਂ ਹੋਰ ਪੁਰਾਣੀ ਬੀਮਾਰੀਆਂ ਦੇ ਮਰੀਜ਼ ਜੋ ਕੋਵਿਡ-19 ਦੇ ਲੱਛਣਾਂ ਵਾਲੇ ਜਾਂ ਕੋਵਿਡ-19 ਇਨਫੈਕਸ਼ਨ ਵਾਲੇ ਮਰੀਜ਼ਾਂ ਦੇ ਅਤਿ ਜ਼ਰੂਰੀ ਇਲਾਜ ਦੇ ਜ਼ਰੂਰੀ ਸਫਰ ਲਈ ਸੰਪਰਕ ਵਿਚ ਹਾਂ।
ਬੀ ਸੀ ਫੈਰੀਜ਼ ਨੇ ਸਾਨੂੰ ਭਰੋਸਾ ਦਿਤਾ ਹੈ ਕਿ ਕਿਸੇ ਵੀ ਮਰੀਜ਼, ਜਿਸ ਨੂੰ ਇਲਾਜ ਲਈ ਸਫਰ ਜ਼ਰੂਰੀ ਹੈ, ਨੂੰ ਫੈਰੀ ਚੜਨ ਤੋਂ ਰੋਕਿਆ ਨਹੀਂ ਜਾਵੇਗਾ। ਪਰ ਇਹ ਜ਼ਰੂਰੀ ਹੈ ਕਿ ਕੋਈ ਵੀ ਮਰੀਜ਼ ਜਿਸ ਦੇ ਲੱਛਣ ਚਿੰਤਾਜਨਕ ਹਨ ਜਾਂ ਜਿਸ ਨੂੰ ਕੋਵਿਡ-19 ਇਨਫੈਕਸ਼ਨ ਹੈ, ਹੇਠ ਲਿਖੀਆਂ ਹਦਾਇਤਾਂ ਦਾ ਪਾਲਣ ਕਰੇ:

- ਬੀ ਸੀ ਫੈਰੀਜ਼ ਦੇ ਕਸਟਮਰ ਕੇਅਰ ਡਿਪਾਰਟਮੈਂਟ ਨੂੰ ਅਪਣੀ ਸਥਿਤੀ ਬਾਰੇ ਸਫਰ ਕਰਨ ਤੋਂ **ਪਹਿਲਾਂ** 1-888-223-3779 ਤੇ ਫੋਨ ਕਰ ਕੇ ਦੱਸੇ।
- ਜੇ ਨਿਜੀ ਵਾਹਨ ਵਿਚ ਸਫਰ ਨਹੀਂ ਕਰ ਰਿਹਾ ਤਾਂ, ਸਫਰ ਦੌਰਾਨ ਇਕਾਂਤਵਾਸ ਦੇ ਬਦਲਵੇਂ ਪ੍ਰਬੰਧ ਬਾਰੇ ਬੀ ਸੀ ਫੈਰੀਣ ਦੇ ਕਸਟਮਰ ਕੇਅਰ ਡਿਪਾਰਟਮੈਂਟ ਨਾਲ ਸਲਾਹ ਕਰੇ।
- ਸਫਰ ਦੌਰਾਨ ਅਪਣੀ ਸਵਾਰੀ ਵਿਚ ਅਪਣੇ ਸਾਥੀਆਂ ਨਾਲ ਇਕਾਂਤਵਾਸ ਵਿਚ ਰਹੇ।
- ਸਾਰੇ ਸਫਰ ਦੌਰਾਨ ਮਰੀਜ਼ ਨੂੰ **ਮਾਸਕ ਪਹਿਨਣਾ** ਹੋਵੇਗਾ।
- ਜੇ ਮਰੀਜ਼ ਮੈਡੀਕਲ ਟਰੈਵਲ ਅਸਿਸਟੈਂਸ ਪਾਸ ਵਰਤ ਰਿਹਾ ਹੈ ਤਾਂ ਪਾਸ ਨੂੰ ਸਵਾਰੀ ਦੇ ਡੈਸ਼ਬੋਰਡ ਉਪਰ ਦਿਖਣਾ ਚਾਹੀਦਾ ਹੈ।

ਭਾਵੇਂ ਬੀ ਸੀ ਵਲੋਂ ਇਸ ਬਾਰੇ ਵਿਸ਼ੇਸ਼ ਬੇਨਤੀ ਨਹੀਂ ਕੀਤੀ ਗਈ, ਪਰ ਤੁਹਾਡੀ ਕਿਡਨੀ ਕੇਅਰ ਟੀਮ ਵਲੋਂ ਤੁਹਾਡੇ ਇਲਾਜ ਲਈ ਜ਼ਰੂਰੀ ਸਫਰ ਬਾਰੇ ਚਿੱਠੀ ਹੋਵੇ ਤਾਂ ਇਹ ਵੀ ਮਦਦ ਕਰੇਗੀ।